# ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ

17 ਬੇਜ਼ ਬਿਲਡਿੰਗ, ਸੈਕਟਰ 17-ਡੀ, ਚੰਡੀਗੜ੍ਹ,
(0172-2540125)

ਹੁਕਮ

ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ ਇੰਪਲਾਈਮੈਂਟ ਐਂਡ ਕੰਡੀਸ਼ਨਜ਼ ਆਫ ਸਰਵਿਸ) ਐਕਟ 1996 ਇਕ ਕੇਂਦਰੀ ਐਕਟ ਹੈ ਜਿਸ ਅਧੀਨ ਪੰਜਾਬ ਸਰਕਾਰ ਵਲੋਂ "ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਰੂਲਜ਼ 2008" ਬਣਾਏ ਗਏ ਹਨ। ਐਕਟ ਦਾ ਮੁੱਖ ਉਦੇਸ਼ ਬਿਲਡਿੰਗ ਅਤੇ ਹੋਰ ਉਸਾਰੀ ਕਿਰਤੀਆਂ ਦੇ ਰੋਜ਼ਗਾਰ ਅਤੇ ਸੇਵਾ-ਸ਼ਰਤਾਂ ਨੂੰ ਨਿਯਮਿਤ ਕਰਨਾ ਅਤੇ ਉਨ੍ਹਾਂ ਦੀ ਸੁਰਖਿਆ, ਸਿਹਤ ਅਤੇ ਭਲਾਈ ਲਈ ਸਹੂਲਤਾਂ ਮੁਹਈਆ ਕਰਵਾਉਣਾ ਹੈ। ਐਕਟ ਦੇ ਉਪਬੰਧਾ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵਲੋਂ "ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ" ਦਾ ਗਠਨ ਕੀਤਾ ਹੋਇਆ ਹੈ। ਐਕਟ ਦੀ ਧਾਰਾ 11 ਅਨੁਸਾਰ ਹਰ ਇਕ ਉਸਾਰੀ ਕਿਰਤੀ ਜੋਕਿ ਬਤੌਰ 'ਲਾਭਪਾਤਰੀ' ਰਜਿਸਟਰਡ ਹੋਇਆ ਹੋਵੇ, ਬੋਰਡ ਦੇ ਫੰਡਾਂ ਵਿਚੋਂ ਲਾਭ ਪ੍ਰਾਪਤ ਕਰਨ ਦਾ ਹੱਕਦਾਰ ਹੈ। ਐਕਟ ਦੀ ਧਾਰਾ 2 (b) ਵਿਚ 'beneficiary' (ਲਾਭਪਾਤਰੀ) ਦੀ ਪਰਿਭਾਸ਼ਾ ਦਿਤੀ ਗਈ ਹੈ, ਜਿਸ ਅਨੁਸਾਰ 'beneficiary' ਉਹ ਉਸਾਰੀ ਕਿਰਤੀ ਹੁੰਦਾ ਹੈ ਜੋ ਧਾਰਾ 12 ਅਧੀਨ ਬਤੌਰ 'beneficiary' ਰਜਿਸਟਰਡ ਹੋਇਆ ਹੋਵੇ। ਇਸ ਲਈ ਰਾਜ ਸਰਕਾਰ ਦੀ ਪ੍ਰਵਾਨਗੀ ਉਪਰੰਤ ਬੋਰਡ ਵਲੋਂ ਹੇਠ ਦਸੇ ਵਿਭਾਗਾਂ ਵਿਚ ਉਨ੍ਹਾਂ ਦੇ ਸਾਹਮਣੇ ਦਰਜ ਅਧਿਕਾਰੀਆਂ ਨੂੰ ਰੂਲਜ਼ 2008 ਦੇ ਰੂਲ 260 ਦੇ ਸਬ ਰੂਲ (4) ਅਧੀਨ ਉਸਾਰੀ ਕਿਰਤੀਆਂ ਦੀ 'ਲਾਭਪਾਤਰੀ' ਵਜੋਂ ਰਜਿਸਟਰੇਸ਼ਨ ਕਰਨ ਲਈ ਬਤੌਰ 'ਰਜਿਸਟ੍ਰਿੰਗ ਅਫਸਰ' ਨਿਯੁਕਤ ਕੀਤਾ ਜਾਂਦਾ ਹੈ:-

| ਲੜੀ ਨੰ: | ਵਿਭਾਗ ਦਾ ਨਾਂ | ਅਫਸਰ ਦਾ ਔਹਦਾ |
|---|---|---|
| 1. | **ਕਿਰਤ ਵਿਭਾਗ ਪੰਜਾਬ** | |
| ੳ) | **ਫੈਕਟਰੀ ਵਿੰਗ** | ਰਾਜ ਦੇ ਸਾਰੇ ਡਿਪਟੀ ਡਾਇਰੈਕਟਰ ਆਫ ਫੈਕਟ੍ਰੀਜ਼ ਅਤੇ ਸਹਾਇਕ ਡਾਇਰੈਕਟਰ ਆਫ ਫੈਕਟ੍ਰੀਜ਼ |
| ਅ) | ਕਿਰਤ ਵਿੰਗ | 1) ਰਾਜ ਦੇ ਸਾਰੇ ਸਹਾਇਕ ਕਿਰਤ ਕਮਿਸ਼ਨਰ ਅਤੇ ਕਿਰਤ ਤੇ ਸੁਲਾਹ ਅਫਸਰ<br>2) ਰਾਜ ਦੇ ਸਾਰੇ ਕਿਰਤ ਇੰਸਪੈਕਟਰ ਗ੍ਰੇਡ-1 ਅਤੇ ਗ੍ਰੇਡ-2 |
| 2. | **ਸਥਾਨਕ ਸਰਕਾਰ ਵਿਭਾਗ ਪੰਜਾਬ** | |
| ੳ) | ਮਿਉਂਸਪਲ ਕਾਰਪੋਰੇਸ਼ਨ | ਜੂਨੀਅਰ ਇੰਜੀਨੀਅਰ |
| ਅ) | ਮਿਉਂਸਪਲ ਕੌਂਸਲਾਂ/ ਨਗਰ ਪੰਚਾਇਤਾਂ / ਨੋਟੀਫਾਈਡ ਏਰੀਆ ਕਮੇਟੀਆਂ | ਜੂਨੀਅਰ ਇੰਜੀਨੀਅਰ |
| 3. | ਹਾਊਸਿੰਗ ਅਤੇ ਸ਼ਹਿਰੀ ਵਿਕਾਸ ਦੀਆਂ ਅਥਾਰਟੀਆਂ ਜਿਵੇਂ ਕਿ ਗਮਾਡਾ/ਗਲਾਡਾ/ਜੇ.ਡੀ.ਏ/ਬੀ.ਡੀ.ਏ/ਏ.ਡੀ.ਏ | ਜੂਨੀਅਰ ਇੰਜੀਨੀਅਰ |
| 4. | ਸਿੰਚਾਈ/ਪੀ.ਡਬਲਿਯੂ.ਡੀ ਅਤੇ ਸੈਨੀਟੇਸ਼ਨ ਤੇ ਜਲ ਸਪਲਾਈ ਵਿਭਾਗ, ਪੰਜਾਬ | ਜੂਨੀਅਰ ਇੰਜੀਨੀਅਰ |
| 5. | ਰੂਰਲ ਡਵੈਲਪਮੈਂਟ ਵਿਭਾਗ, ਪੰਜਾਬ | ਪੰਚਾਇਤ ਸੈਕਟਰੀ |

ਇਸ ਸਬੰਧ ਵਿਚ ਹੋਰ ਵਿਸਤ੍ਰਿਤ ਦਿਸ਼ਾ ਨਿਰਦੇਸ਼ ਵਖਰੇ ਤੌਰ ਤੇ ਜਾਰੀ ਕੀਤੇ ਜਾਣਗੇ।

ਮਿਤੀ 15.4.2013

ਸਕੱਤਰ ਬੋਰਡ

ਪਿਠਅੰਕਣ ਨੰ:ਪਬਕਵਵਬ/2012-13/ 1351—1364 ਮਿਤੀ, ਚੰਡੀਗੜ੍ਹ 17.4.13.

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜਰੂਰੀ ਕਾਰਵਾਈ ਲਈ ਭੇਜੀਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਕਿਰਤ ਵਿਭਾਗ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ।
3. ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਪੰਜਾਬ, ਚੰਡੀਗੜ੍ਹ।
4. ਪ੍ਰਮੁੱਖ ਸਕੱਤਰ ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ।
5. ਪ੍ਰਮੁੱਖ ਸਕੱਤਰ ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ ਸ਼ਾਖਾ) ਪੰਜਾਬ, ਚੰਡੀਗੜ੍ਹ।
6. ਪ੍ਰਮੁੱਖ ਸਕੱਤਰ ਸੈਨੀਟੇਸ਼ਨ ਅਤੇ ਜਲ ਸਪਲਾਈ ਵਿਭਾਗ ਪੰਜਾਬ , ਚੰਡੀਗੜ੍ਹ
7. ਪ੍ਰਮੁੱਖ ਸਕੱਤਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਚੰਡੀਗੜ੍ਹ।
8. ਕਿਰਤ ਕਮਿਸ਼ਨਰ ਪੰਜਾਬ, ਚੰਡੀਗੜ੍ਹ
9. ਡਾਇਰੈਕਟਰ ਆਫ ਫੈਕਟ੍ਰੀਜ਼ ਪੰਜਾਬ, ਚੰਡੀਗੜ੍ਹ
10. ਡਾਇਰੈਕਟਰ ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ।
11. ਡਾਇਰੈਕਟਰ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਪੰਜਾਬ, ਚੰਡੀਗੜ੍ਹ।
12. ਰਾਜ ਦੇ ਸਾਰੇ ਡਿਪਟੀ ਡਾਇਰੈਕਟਰ ਆਫ ਫੈਕਟ੍ਰੀਜ਼ ਅਤੇ ਸਹਾਇਕ ਡਾਇਰੈਕਟਰ ਆਫ ਫੈਕਟ੍ਰੀਜ਼
13. ਰਾਜ ਦੇ ਸਾਰੇ ਸਹਾਇਕ ਕਿਰਤ ਕਮਿਸ਼ਨਰ ਅਤੇ ਕਿਰਤ ਤੇ ਸੁਲਾਹ ਅਫਸਰ
14. ਰਾਜ ਦੇ ਸਾਰੇ ਕਿਰਤ ਇੰਸਪੈਕਟਰ ਗ੍ਰੇਡ-1 ਅਤੇ ਗ੍ਰੇਡ-2

ਡਿਪਟੀ ਸਕੱਤਰ

ਪਿਠਅੰਕਣ ਨੰ:ਪਬਕਵਵਬ/2012-13/ 1365-1370 ਮਿਤੀ, ਚੰਡੀਗੜ੍ਹ 17.4.13

ਇਸ ਦਾ ਇਕ ਉਤਾਰਾ ਹੇਠ ਲਿਖੀਆਂ ਅਧਿਕਾਰੀਆਂ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਹੁਕਮਾਂ ਨੂੰ ਆਪਣੇ ਅਧੀਨ ਕੰਮ ਕਰਦੇ ਜੂਨੀਅਰ ਇੰਜੀਨੀਅਰ ਤੋਂ ਨੋਟ ਕਰਵਾਇਆ ਜਾਵੇ:-

1. ਪ੍ਰਸ਼ਾਸਕ ਪੁੱਡਾ/ਗਮਾਡਾ/ਗਲਾਡਾ/ਜੇ.ਡੀ.ਏ/ਬੀ.ਡੀ.ਏ/ਏ.ਡੀ.ਏ/ਪੀ.ਡੀ.ਏ
2. ਚੀਫ ਇੰਜੀਨੀਅਰ ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ।
3. ਚੀਫ ਇੰਜੀਨੀਅਰ ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ ਸ਼ਾਖਾ) ਪੰਜਾਬ, ਪਟਿਆਲਾ।
4. ਚੀਫ ਇੰਜੀਨੀਅਰ ਸੈਨੀਟੇਸ਼ਨ ਅਤੇ ਜਲ ਸਪਲਾਈ ਵਿਭਾਗ ਪੰਜਾਬ, ਪਟਿਆਲਾ।
5. ਕਮਿਸ਼ਨਰ ਮਿਊਂਸਪਲ ਕਾਰਪੋਰੇਸ਼ਨਾਂ ਪੰਜਾਬ ਰਾਜ
6. ਰਾਜ ਦੀਆਂ ਸਾਰੀਆਂ ਮਿਊਂਸਪਲ ਕੌਂਸਲਾਂ/ਨਗਰ ਪੰਚਾਇਤਾਂ/ ਨੋਟਿਫਾਇਡ ਏਰੀਆ ਕਮੇਟੀਆਂ ਦੇ ਕਾਰਜਕਾਰੀ ਅਫਸਰ

ਡਿਪਟੀ ਸਕੱਤਰ

ਪਿਠਅੰਕਣ ਨੰ:ਪਬਕਵਵਬ/2012-13/ 1371-1372 ਮਿਤੀ, ਚੰਡੀਗੜ੍ਹ 17.4.13

ਇਸ ਦਾ ਇਕ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਕੰਮ ਕਰਦੇ ਸਾਰੇ ਪੰਚਾਇਤ ਸੈਕਟਰੀਆਂ ਨੂੰ ਉਪਰੋਕਤ ਹੁਕਮ ਨੋਟ ਕਰਵਾ ਲਏ ਜਾਣ:-

1. ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਫੇਜ਼ 8, ਮੁਹਾਲੀ।
2. ਰਾਜ ਦੇ ਸਾਰੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ।

ਡਿਪਟੀ ਸਕੱਤਰ

ਪਿਠਅੰਕਣ ਨੰ:ਪਬਕਵਵਬ/2012-13/ 1373 ਮਿਤੀ, ਚੰਡੀਗੜ੍ਹ 17.4.13

ਇਸ ਦਾ ਇਕ ਉਤਾਰਾ ਨਿਜੀ ਸਕੱਤਰ ਟੂ ਮੁੱਖ ਸਕੱਤਰ ਪੰਜਾਬ ਸਰਕਾਰ ਚੰਡੀਗੜ੍ਹ ਨੂੰ ਮਾਨਯੋਗ ਮੁੱਖ ਸਕੱਤਰ ਜੀ ਦੀ ਜਾਣਕਾਰੀ ਹਿਤ ਭੇਜਿਆ ਜਾਣਾ ਹੈ।

ਡਿਪਟੀ ਸਕੱਤਰ

ਪਿਠਅੰਕਣ ਨੰ: ਪਬਕਵਵਬ/2012-13/ 1374 ਮਿਤੀ, ਚੰਡੀਗੜ੍ਹ

ਇਸ ਦਾ ਇਕ ਉਤਾਰਾ ਡਿਪਟੀ ਕਿਰਤ ਕਮਿਸ਼ਨਰ ਦਫਤਰ ਕਿਰਤ ਕਮਿਸ਼ਨਰ ਪੰਜਾਬ ਚੰਡੀਗੜ੍ਹ ਨੂੰ ਵਿਭਾਗ ਦੀ ਵੈਬਸਾਈਟ ਤੇ ਪੁਆਉਣ ਲਈ ਭੇਜਿਆ ਜਾਂਦਾ ਹੈ।

ਡਿਪਟੀ ਸਕੱਤਰ